## ਸਨਮਾਨ ਪੱਤਰ
## ਬੀਬੀ ਜਸਬੀਰ ਕੌਰ ਖਾਲਸਾ ਸੀਨੀਅਰ ਫੈਲੋਸ਼ਿਪ – 2012

ਗੁਰਮਤਿ ਸੰਗਤਿ ਦੇ ਪ੍ਰਮੁੱਖ ਘਰਾਣੇ ਦੇ ਪ੍ਰਤਿਨਿਧ ਵਿਦਵਾਨ ਕੀਰਤਨਕਾਰ ਡਾ. ਜਾਗੀਰ ਸਿੰਘ ਗੁਰਮਤਿ ਸੰਗੀਤ ਅਤੇ ਸੰਗੀਤ ਦੇ ਖੇਤਰ ਵਿਚ ਪਿਛਲੇ ਚਾਰ ਦਹਾਕਿਆਂ ਤੋਂ ਕਾਰਜਸ਼ੀਲ ਹਨ। ਆਪ ਨੇ ਖੋਜ ਭਰਪੂਰ ਲਿਖਤਾਂ, ਕੀਰਤਨ ਦੀਆਂ ਵਿਸ਼ੇਸ਼ ਆਡੀਓ-ਵੀਡੀਓ ਰਿਕਾਰਡਿੰਗਜ਼ ਅਤੇ ਵਿਵਹਾਰਕ ਰੂਪ ਵਿਚ ਕੀਰਤਨ ਦੀ ਨਿਰੰਤਰ ਸੇਵਾ ਦੁਆਰਾ ਅੰਤਰਰਾਸ਼ਟਰੀ ਪੱਧਰ ਉਤੇ ਜ਼ਿਕਰਯੋਗ ਪ੍ਰਾਪਤੀਆਂ ਕੀਤੀਆਂ ਹਨ।

ਗੁਰਮਤਿ ਸੰਗੀਤ ਲਈ ਸੰਗੀਤ ਨਾਟਕ ਅਕਾਦਮੀ ਦਿੱਲੀ ਵਲੋਂ **ਗੁਰਮਤਿ ਸੰਗੀਤ ਐਵਾਰਡ–2002**, ਭਾਸ਼ਾ ਵਿਭਾਗ ਪੰਜਾਬ ਦੁਆਰਾ **ਸ਼੍ਰੋਮਣੀ ਰਾਗੀ ਐਵਾਰਡ – 2000** ਤੋਂ ਇਲਾਵਾ ਦੇਸ਼ ਵਿਦੇਸ਼ ਦੀਆਂ ਅਨੇਕਾਂ ਸੰਸਥਾਵਾਂ ਨੇ ਆਪ ਦਾ ਮਾਣ ਸਨਮਾਨ ਕੀਤਾ ਹੈ। ਆਪ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ **ਪੰਜਾਬੀ**, **ਧਰਮ ਅਧਿਐਨ** ਅਤੇ **ਸੰਗੀਤ** ਵਿਸ਼ਿਆਂ ਵਿਚ ਪੋਸਟ ਗਰੈਜੂਏਟ ਕਰਨ ਉਪਰੰਤ ਪੰਜਾਬ ਯੂਨੀਵਰਸਿਟੀ ਤੋਂ **ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸਬੰਧ** ਵਿਸ਼ੇ ਉਤੇ ਪੀ-ਐਚ.ਡੀ. ਦੀ ਡਿਗਰੀ ਹਾਸਲ ਕੀਤੀ। ਅਕਾਦਮਿਕ ਖੇਤਰ ਵਿਚ ਆਪ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਵਿਚ ਲੈਕਚਰਾਰ, ਪੰਜਾਬ ਸਕੂਲ ਸਿਖਿਆ ਬੋਰਡ ਵਿਚ ਡਿਪਟੀ ਡਾਇਰੈਕਟਰ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪ੍ਰੋਫੈਸਰ ਅਤੇ ਮੁਖੀ ਗੁਰਮਤਿ ਸੰਗੀਤ ਵਿਭਾਗ ਵਜੋਂ ਕਾਰਜਸ਼ੀਲ ਰਹੇ। ਪੰਜਾਬ ਸਕੂਲ ਸਿਖਿਆ ਬੋਰਡ ਵਿਖੇ ਸੇਵਾ ਦੌਰਾਨ ਆਪ ਨੇ ਗੁਰਮਤਿ ਸੰਗੀਤ ਦਾ ਵਿਸ਼ਾ ਸੀਨੀਅਰ ਸੈਕੰਡਰੀ ਪੱਧਰ 'ਤੇ ਲਾਗੂ ਕਰਵਾਇਆ। **ਗੁਰਮਤਿ ਮੀਮਾਂਸਾ**, **ਗੁਰੂ ਨਾਨਕ ਬਾਣੀ ਵਿਚ ਮਾਇਆ ਦਾ ਸੰਕਲਪ**, **ਕਾਵਿ ਅਤੇ ਸੰਗੀਤ–ਗੁਰਬਾਣੀ ਪਰਿਪੇਖ**, **ਫਰੀਦ ਬਾਣੀ – ਸੰਗੀਤਕ ਪਰਿਪੇਖ** ਅਤੇ **ਗੁਰੂ ਨਾਨਕ ਦੇਵ ਜੀ ਤੇ ਸੰਗੀਤ** ਆਪ ਦੀਆਂ ਪ੍ਰਸਿੱਧ ਪੁਸਤਕਾਂ ਹਨ। ਆਪ ਇਸ ਸਮੇਂ ਅੰਮ੍ਰਿਤ ਕੀਰਤਨ ਟਰੱਸਟ ਦੇ ਚੇਅਰਮੈਨ ਵਜੋਂ ਸੇਵਾ ਕਰ ਰਹੇ ਹਨ। ਅੰਮ੍ਰਿਤ ਕੀਰਤਨ ਟਰਸੱਟ ਵਲੋਂ ਹੀ 1989 ਤੋਂ ਆਪ ਸੰਗੀਤ ਅਤੇ ਗੁਰਮਤਿ ਸੰਗੀਤ ਦੀ ਮਾਸਕ ਪੱਤਰ **ਅੰਮ੍ਰਿਤ ਕੀਰਤਨ** ਦਾ ਬਤੌਰ ਸੰਪਾਦਕ ਨਿਰੰਤਰ ਪ੍ਰਕਾਸ਼ਨ ਇਸ ਖੇਤਰ ਵਿਚ ਆਪ ਦੀ ਪ੍ਰਤਿਬੱਧਤਾ ਦਾ ਪ੍ਰਮਾਣ ਹੈ।

ਗੁਰਮਤਿ ਸੰਗੀਤ ਚੇਅਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ **ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ –2012** ਦੇ ਇਤਿਹਾਸਕ ਅਵਸਰ 'ਤੇ ਡਾ. ਜਾਗੀਰ ਸਿੰਘ ਨੂੰ **ਬੀਬੀ ਜਸਬੀਰ ਕੌਰ ਖਾਲਸਾ ਸੀਨੀਅਰ ਫੈਲੋਸ਼ਿਪ** ਪ੍ਰਦਾਨ ਕਰਦਿਆਂ ਅਸੀਂ ਮਾਣ ਮਹਿਸੂਸ ਕਰ ਰਹੇ ਹਾਂ।

**(ਡਾ. ਜਸਪਾਲ ਸਿੰਘ)**
ਵਾਈਸ-ਚਾਂਸਲਰ
ਪੰਜਾਬੀ ਯੂਨੀਵਰਸਿਟੀ, ਪਟਿਆਲਾ

*6 ਮਾਰਚ, 2012*